# ਪੰਜਾਬੀ (ਦਸਵੀਂ)
# PUNJABI ($10^{th}$)

SET-A

**(004)**

## SQP 2018-19

*ਸਮਾਂ ਸੀਮਾਂ: 3 ਘੰਟੇ* | *ਪੂਰਨ ਅੰਕ: 80*

*Time allowed: 3 hours* | *Maximum Marks: 80*

---

ਨੋਟ:- ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ ਕੌਸ਼ਲ

1 ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

ਸਿੱਖਿਆ ਦਾ ਮੁੱਢਲਾ ਟੀਚਾ, ਹਜਾਰਾਂ ਵਰ੍ਹਿਆਂ ਤੋਂ ਮਨੁੱਖ ਦਾ ਸਰਵਪੱਖੀ ਵਿਕਾਸ ਕਰਨ ਰਿਹਾ ਹੈ। ਜੇਕਰ ਮਾਂ ਵੱਲੋਂ ਦਿੱਤੀ ਗਈ ਸਿੱਖਿਆ ਗੁਰੂ-ਘਰ ਜਾਂ ਸਕੂਲ ਤਾਈਂ ਪਹੁੰਚਦੀ ਹੈ ਤਾਂ ਸਕੂਲੀ ਪੜ੍ਹਾਈ ਪਰਿਵਾਰ, ਸਮਾਜ ਕੌਮ ਅਤੇ ਮਨੁੱਖੀ ਕਲਿਆਣ ਤੱਕ ਪਹੁੰਚਦੀ ਹੈ। ਮਾਂ ਇੱਕ ਬੱਚੇ ਨੂੰ ਗੁਰੂ ਦਾ ਮਾਨ-ਸਨਮਾਨ ਕਰਨਾ ਸਿਖਾਉਂਦੀ ਹੈ। ਗੁਰੂ ਆਪਣੇ ਸ਼ਿਸ਼ਾਂ ਨੂੰ ਮਾਂ-ਬਾਪ, ਭਰਾ-ਭੈਣ, ਦੋਸਤ ਮਿੱਤਰਾਂ ਅਤੇ ਦੇਸ਼ ਦੇ ਆਦਰ ਮਾਣ ਅਤੇ ਉੱਚੇ ਉੱਚੇ ਆਦਰਸ਼ਾਂ ਦੀ ਸਿੱਖਿਆ ਦਿੰਦੇ ਹਨ। ਅਧਿਆਪਕਾਂ ਵਲੋਂ ਦਿੱਤੀ ਗਈ ਵਿਗਿਆਨ ਵਰਤਾਅ, ਚਾਲ-ਚਲਣ ਅਤੇ ਅਨੁਸ਼ਾਸ਼ਨ ਦੀ ਸਿੱਖਿਆ ਵਿਦਿਆਰਥੀਆਂ ਨੂੰ ਜੇਕਰ ਅਕਲਮੰਦ, ਆਦਰਸ਼ ਨਾਗਰਿਕ, ਨਿਪੁੰਨ ਪ੍ਰਸ਼ਾਸ਼ਕ ਅਤੇ ਅਨੁਸ਼ਾਸ਼ਨ ਪਸੰਦ ਬਣਾਉਂਦੀ ਹੈ ਤਾਂ ਇਸ ਨੂੰ ਸਿਰਫ਼ ਸ਼੍ਰੇਣੀ ਦੀ ਪੜ੍ਹਾਈ ਦਾ ਹੀ ਨਤੀਜਾ ਨਹੀਂ ਸਮਝ ਲੈਣਾ ਚਾਹੀਦਾ ਵਿੱਦਿਆ ਪ੍ਰਾਪਤ ਕਰਨ ਦਾ ਅਰਥ ਸਿਰਫ਼ ਜਮਾਤ ਦੇ ਕਮਰੇ ਤਾਈਂ ਹੀ ਸੀਮਤ ਨਹੀਂ ਹੈ ਬਲਕਿ ਬਹੁਤ ਵਿਸ਼ਾਲ ਹੈ। ਜੋ ਲੋਕ ਸਿਰਫ਼ ਜਮਾਤ ਦੇ ਅਧਿਆਪਕ ਵਲੋਂ ਦਿੱਤੀ ਗਈ ਸਿੱਖਿਆ ਤੇ ਅਮਲ ਕਰਦੇ ਹਨ ਉਹ ਵਿੱਦਿਆ ਦੇ ਵਿਆਪਕ ਪੜਾਅ ਨੂੰ ਅਣਡਿੱਠਾ ਕਰ ਦਿੰਦੇ ਹਨ।

1 ਕੀ ਸਿੱਖਿਆ ਹਾਸਲ ਕਰਨ ਦਾ ਅਰਥ ਸ਼੍ਰੇਣੀ ਦੇ ਕਮਰੇ ਤੱਕ ਹੀ ਸੀਮਤ ਹੈ?

2 ਮਾਂ ਆਪਣੇ ਬੱਚੇ ਨੂੰ ਕਿਸ ਦਾ ਮਾਨ-ਸਨਮਾਨ ਕਰਨਾ ਸਿਖਾਉਂਦੀ ਹੈ?

3 ਵਿਆਪਕ ਦਾ ਸ਼ਾਬਦਿਕ ਅਰਥ ਦੱਸੋ?

4 ਹਜਾਰਾਂ ਵਰ੍ਹਿਆਂ ਤੋਂ ਸਿੱਖਿਆ ਦਾ ਮੁੱਢਲਾ ਟੀਚਾ ਕੀ ਰਿਹਾ ਹੈ?

5 ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ?

2+2+2+2+1=9

ਪ੍ਰਸ਼ਨ:2 ਹੇਠਾਂ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ।

ਹਰਗੋਬਿੰਦ ਗੁਰੂ ਬੜੇ ਮਹਾਨ,
ਸਿੱਖ ਧਰਮ ਦੀ ਉਹ ਸਨ ਸ਼ਾਨ।
ਜਹਾਂਗੀਰ ਨੇ ਪਾਪ ਕਮਾਇਆ,
ਗਵਾਲੀਅਰ ਦੇ ਕਿਲੇ 'ਚ ਬੰਦ ਕਰਾਇਆ।
ਜਹਾਂਗੀਰ ਨੂੰ ਅਹਿਸਾਸ ਕਰਾਇਆ,
ਬਵੰਜਾ ਰਾਜਿਆਂ ਨੂੰ ਛੁਡਵਾਇਆ।
ਇਸ ਦਿਨ ਅੰਮ੍ਰਿਤਸਰ ਪਧਾਰੇ,
ਖੁਸ਼ ਹੋ ਸੰਗਤਾਂ ਜਾਵਣ ਵਾਰੇ।
ਹਰਮੰਦਰ ਦੀ ਸ਼ਾਨ ਵਧਾਈ,
ਦਿਵਾਲੀ ਖੁਸ਼ੀਆਂ ਨਾਲ ਮਨਾਈ।

(ੳ) ਗੁਰੂ ਹਰਗੋਬਿੰਦ ਜੀ ਨਾਲ ਜਹਾਂਗੀਰ ਨੇ ਕੀ ਪਾਪ ਕਮਾਇਆ ਸੀ?

(ਅ) ਅੰਮ੍ਰਿਤਸਰ ਦੀ ਦੀਵਾਲੀ ਕਿਉਂ ਪ੍ਰਸਿੱਧ ਹੈ?

(ੲ) ਕਿਹੜੇ ਮੁਗਲ ਬਾਦਸ਼ਾਹ ਨੇ ਗੁਰੂ ਜੀ ਨੂੰ ਬੰਦ ਕੀਤਾ ਸੀ?

3×2=6

3 ਵਿਆਕਰਨ:

1 ਵਿਰੋਧਾਰਥਕ ਸਮਾਸੀ ਸ਼ਬਦ ਚੁਣੋ:

1 ਨੌਕਰ-ਚਾਕਰ 2 ਟੁੱਟ-ਭੱਜ 3 ਜਮੀਨ-ਅਸਮਾਨ 4 ਗੱਲ-ਬਾਤ

2 ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਹੈ?

1 ਰਸ ਨਾਲ ਭਰੀ 2 ਰਸ-ਭਰੀ 3 ਰਸ ਦੀ ਭਰੀ 4 ਰਸ-ਰਸ ਹੋਈ (2)

4 ਕਿਹੜਾ ਸ਼ਬਦ ਡੰਡੀ ਸ਼ਬਦ ਦਾ ਬਹੁ-ਅਰਥਕ ਨਹੀਂ ਹੈ?

(ੳ) ਪੂਰਨ ਵਿਰਾਮ 2 ਟਹਿਣੀ 3 ਛੋਟਾ ਰਸਤਾ 4 ਡੰਗ

(ਅ) ਉਸ ਨੂੰ ਬੀਮਾਰੀ ਤੋਂ ਅਜੇ ਮੋੜ ਪਿਆ ਹੀ ਸੀ ਕਿ ਉਹ ਦਵਾਈਆਂ ਮੋੜ ਆਇਆ ਅਤੇ ਮੋੜ ਤੇ ਪਹੁੰਚ ਕੇ ਬੈਠ ਗਿਆ। ਇਸ ਵਾਕ ਵਿੱਚ ਪਹਿਲੇ ਮੋੜ ਤੋਂ ਕੀ ਭਾਵ ਹੈ।

1 ਵਾਪਸ 2 ਨੁੱਕਰ 3 ਤੰਦਰੁਸਤ 4 ਚਿੱਬ

(ੲ) ਬਹਾਦਰ ਸ਼ਬਦ ਦਾ ਸਹੀ ਬਹੁਆਰਥਕ ਸ਼ਬਦ ਚੁਣੋ

1 ਡਰਾਕਲ, ਕਮਜ਼ੋਰ 2 ਉੱਚ-ਤਗੜਾ 3 ਸੂਰਮਾ, ਸੂਰਬੀਰ 4 ਨਿਤਾਣਾ, ਮਾੜਾ (3)

5 ਹੇਠਾਂ ਲਿਖੀਆਂ ਸਤਰਾਂ ਵਿੱਚ ਸਹੀ ਥਾਂ ਤੇ ਵਿਸਰਾਮ ਚਿੰਨ੍ਹ ਲਗਾਓ।

1 ਅਧਿਆਪਕ ਨੇ ਕਿਹਾ ਕੱਲ ਟੈਸਟ ਹੋਵੇਗਾ

2 ਕਾਸ਼ ਮੈਂ ਵੀ ਕਰੋੜਪਤੀ ਹੁੰਦਾ

3 ਹਾਏ ਰੱਬਾ ਇਹ ਕੀ ਭਾਣਾ ਵਰਤਿਆ ਹੈ (3)

6 ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ: -

1 ਕੰਨ ਭਰਨੇ

2 ਗਲ ਪਿਆ ਢੋਲ ਵਜਾਉਣਾ

3 ਜਾਨ ਤਲੀ 'ਤੇ ਧਰਨਾ (3)

7 'ਸਰਵ' ਅਤੇ 'ਸਵੈ' ਅਗੇਤਰ ਲਾ ਕੇ ਦੋ- ਦੋ ਸ਼ਬਦ ਬਣਾਓ। (2)

8 'ਆਲਾ' ਅਤੇ 'ਮੰਦ' ਪਿਛੇਤਰ ਲਾ ਕੇ ਦੋ- ਦੋ ਸ਼ਬਦ ਬਣਾਓ। (2)

9 <u>ਲਿਖਣ ਕੌਸ਼ਲ</u>

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ 200 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ।

1 ਪੜ੍ਹਾਈ ਵਿੱਚ ਖੇਡਾਂ ਦਾ ਸਥਾਨ

<u>ਨੁਕਤੇ:</u> 1 ਭੂਮਿਕਾ

2 ਸਦਾਚਾਰਕ ਗੁਣ ਪੈਦਾ ਕਰਨਾ

3 ਵਿਹਲ ਦੀ ਉਚਿਤ ਵਰਤੋਂ

4 ਮਨੁੱਖੀ ਜੀਵਨ ਵੀ ਇੱਕ ਖੇਡ ਹੈ

5 ਸਾਰੰਸ਼

2 ਅੱਜ ਦੀ ਨਾਰੀ/ ਰਾਸ਼ਟਰ ਨਿਰਮਾਣ ਤੇ ਔਰਤ (10)

<u>ਨੁਕਤੇ:</u> 1 ਨਾਰੀ ਦਾ ਪੁਰਾਤਨ ਰੂਪ

2 ਸਾਕਾਰਾਤਮਕ ਸੋਚ

3 ਅੱਜ ਦੀ ਨਾਰੀ

4 ਸੱਭਿਆ ਸਮਾਜ

5 ਸਾਰੰਸ਼

10 ਅਖਬਾਰ ਦੇ ਸੰਪਾਦਕ ਨੂੰ ਲਾਉਡ-ਸਪੀਕਰਾਂ ਦੇ ਸ਼ੋਰ-ਸ਼ਰਾਬੇ ਬਾਰੇ ਲਿਖੋ।

ਨੁਕਤੇ: 1 ਪ੍ਰਦੂਸ਼ਣ ਵਿੱਚ ਵਾਧਾ

2 ਬੀਮਾਰ ਵਿਅਕਤੀ ਲਈ ਪਰੇਸ਼ਾਨੀ

3 ਸਰਕਾਰ ਦੁਆਰਾ ਬਣਦਾ ਯੋਗਦਾਨ

ਜਾਂ

ਦਿੱਲੀ ਦੇ ਜਲ-ਬੋਰਡ ਅਧਿਕਾਰੀ ਨੂੰ ਆਪਣੇ ਇਲਾਕੇ ਵਿੱਚ ਪਾਣੀ ਦੀ ਘਾਟ ਹੱਲ ਕਰਨ ਲਈ ਬਿਨੈ-ਪੱਤਰ ਲਿਖੋ। (8)

ਨੁਕਤੇ: 1 ਬੂੰਦ-ਬੂੰਦ ਨੂੰ ਤਰਸਦੇ ਲੋਕ

2 ਚੇਅਰਮੈਨ ਸਾਹਿਬ ਦੇ ਝੂਠੇ ਲਾਅਰੇ

3 ਜਲਦ ਧਿਆਨ ਦੇਣ ਦੀ ਗੁਜਾਰਿਸ਼

11 ਤੁਸੀਂ ਆਪਣੀ ਪੁਰਾਣੀ ਕਾਰ ਵੇਚਣੀ ਹੈ ਉਸਦੇ ਲਈ ਵਾਜਬ ਇਸ਼ਤਿਹਾਰ ਲਿਖੋ।

ਜਾਂ

ਹੇਠਾਂ ਦਿੱਤੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 50-60 ਸ਼ਬਦਾਂ ਵਿੱਚ ਪ੍ਰਗਟ ਕਰੋ।



(7)

ਨੇਤਰਹੀਣ ਵਿਦਿਆਰਥੀਆਂ ਲਈ

11 ਆਪਣੇ ਇਲਾਕੇ ਦੀ ਸਬਜੀ ਮਾਰਕੀਟ ਵਿੱਚੋਂ ਸਬਜੀ ਖਰੀਦਦੇ ਸਮੇਂ ਦੋ ਅਣਜਾਣ ਵਿਅਕਤੀ ਤੁਹਾਡੇ ਹੱਥ ਵਿਚਲਾ ਪਰਸ ਖੋਹ ਕੇ ਲੈ ਗਏ ਜਿਸ ਵਿੱਚ ਤੁਹਾਡੇ ਘਰ ਦੀ ਚਾਬੀ, ਅਧਾਰ ਕਾਰਡ, ਤੇ ਪੈਸੇ ਸਨ, ਇਸ ਸੰਬੰਧੀ ਆਪਣੇ ਇਲਾਕੇ ਦੇ ਐਸ. ਐਚ. ਓ. ਸਾਹਿਬ ਨੂੰ ਰਿਪੋਰਟ ਕਰੋ।

12 ਪਾਠ-ਪੁਸਤਕਾਂ ਤੇ ਅਧਾਰਤ ਪ੍ਰਸ਼ਨ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ।

ੳ ਰਜਨੀ ਨੂੰ ਕਿਹੜੀ ਬਿਮਾਰੀ ਸੀ?

ਅ ਕੀ ਮੀਨਾਕਸ਼ੀ ਈਅਰ ਫ਼ੋਨ ਦੀ ਵਰਤੋਂ ਕਰਕੇ ਫ਼ੇਲ੍ਹ ਹੋ ਗਈ ਸੀ?

ੲ ਚਾਹ ਵਿੱਚ ਕਿਹੜਾ ਤੱਤ ਮੌਜੂਦ ਹੁੰਦਾ ਹੈ?

ਸ ਕਿਸ ਨੂੰ ਵੱਸ ਵਿੱਚ ਰੱਖਣਾ ਆਮ ਆਦਮੀ ਦੇ ਵੱਸ ਵਿੱਚ ਨਹੀਂ ਹੁੰਦਾ? $4 \times 1 = 4$

13 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ।

(ੳ) ਸਕੂਲ ਦੇ ਸਾਲਾਨਾ ਸਮਾਗਮ ਵਿੱਚ ਕਿਸ ਨੂੰ ਸਨਮਾਨਿਤ ਕੀਤਾ ਗਿਆ ਤੇ ਕਿਉ?

(ਅ) ਈਅਰ ਫ਼ੋਨ ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

(ੲ) ਪਾਣੀ ਦੀ ਸਪਲਾਈ ਦਿਨ ਵਿੱਚ ਕਿੰਨੀ ਵਾਰ ਆਉਂਦੀ ਸੀ?

(ਸ) ਗੁਰੂ ਮਹਿਲ ਤੋਂ ਕੀ ਭਾਵ ਹੈ? ਇਸ ਉੱਤੇ ਕਿਹੜੀ ਜਾਤੀ ਨੂੰ ਮਾਣ ਹੈ?

(ਹ) ਮਿਲਖਾ ਸਿੰਘ ਕਿੰਨੇ ਭੈਣ ਭਰਾ ਸਨ ਅਤੇ ਉਸ ਦਾ ਪਾਲਣ-ਪੋਸ਼ਣ ਕਿਸ ਨੇ ਕੀਤਾ?

(ਕ) ਡਾ. ਅਬਦੁਲ ਕਲਾਮ ਗੁਣਾਂ ਦੀ ਖਾਨ ਸਨ। ਸੰਖੇਪ ਵਿੱਚ ਲਿਖੋ। $6 \times 2 = 12$

14 'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ ਵਸਤੂ ਤੇ ਵਿਚਾਰ ਕਰੋ।

ਜਾਂ

'ਗੁੰਮ ਨੇ ਰਸੋਈ ਵਿੱਚੋਂ' ਗਜ਼ਲ ਵਿੱਚ ਪੇਸ਼ ਹੋਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। (5)

15 ਕਦਰਾਂ-ਕੀਮਤਾਂ ਤੇ ਅਧਾਰਤ ਪ੍ਰਸ਼ਨ:

(ੳ) 'ਸ੍ਰੇਸ਼ਠ ਧਰਮ-ਇਨਸਾਨੀਅਤ' ਉੱਤੇ ਆਪਣੇ ਵਿਚਾਰ ਪ੍ਰਗਟ ਕਰੋ। (4)

***